# ਗੁਰੂ ਰਾਮਦਾਸ ਜੀ
# (੧੫੩੪-੧੫੮੧, ਗੁਰਗੱਦੀ ੧੫੭੪-੧੫੮੧)

ਗੁਰੂ ਰਾਮਦਾਸ ਜੀ ਬਾਰੇ ਮੁਢਲਾ ਬਿਰਤਾਂਤ ਪਿਛਲੇ ਕਾਂਡਾਂ ਵਿੱਚ ਦੇ ਆਏ ਹਾਂ।

ਕਈ ਲੇਖਕਾਂ ਦਾ ਵਿਚਾਰ ਹੈ ਕਿ ਅਕਬਰ ਨੇ ਜ਼ਮੀਨ ਕੇਵਲ ਗੁਰੂ ਰਾਮਦਾਸ ਜੀ ਨੂੰ ਭੇਟਾ ਕੀਤੀ ਸੀ ਜਿਸ ਉਤੇ ਇਨ੍ਹਾਂ ਨੇ ਰਾਮਦਾਸ ਨਗਰ (ਜਿਸਦਾ ਪਿਛੋਂ ਜਾਕੇ ਅੰਮ੍ਰਿਤਸਰ ਨਾਮ ਹੋਇਆ) ਵਸਾਇਆ। ਸੋ ਉਹ ਲੇਖਕ ਦਲੀਲ ਦਿੰਦੇ ਹਨ ਕਿ ਅੰਮ੍ਰਿਤਸਰ ਦੀ ਨੀਂਹ ਗੁਰੂ ਅਮਰਦਾਸ ਜੀ ਦੇ ਸਮੇਂ ਨਹੀਂ ਰੱਖੀ ਗਈ ਸੀ। ਸਿੱਖ ਇਤਿਹਾਸ ਦਾ ਆਮ ਜਾਣਿਆ ਤੱਥ ਹੈ ਕਿ ਬਾਦਸ਼ਾਹ ਅਕਬਰ ਗੋਇੰਦਵਾਲ ਆਇਆ ਸੀ ਅਤੇ ਉਸਨੇ ਗੁਰੂ ਕੇ ਲੰਗਰ ਵਿੱਚ ਹੋਰਨਾਂ ਲੋਕਾਂ ਨਾਲ ਪੰਗਤ ਵਿੱਚ ਬੈਠਕੇ ਪ੍ਰਸ਼ਾਦਿ ਛਕਿਆ ਸੀ। ਜਾਪਦਾ ਹੈ ਕਿ ਬਾਦਸ਼ਾਹ ਨੇ ਉਸ ਸਮੇਂ ਹੀ ਜ਼ਮੀਨ ਬੀਬੀ ਭਾਨੀ ਦੇ ਨਾਮ ਦਿਤੀ ਸੀ ਅਤੇ ਜੇਠਾ ਜੀ ਬੀਬੀ ਦੇ ਪਤੀ ਸਨ ਸੋ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਇਸ ਜ਼ਮੀਨ ਦੀ ਨਿਗਰਾਨੀ ਸੌਂਪੀ ਸੀ। ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਦੀ ਸੌਂਪਣਾ ਭਾਈ ਲਹਿਣਾ ਜੀ ਨੂੰ ਕੀਤੀ, ਆਪਣੇ ਸਪੁਤ੍ਰਾਂ ਨੂੰ ਨਹੀਂ ਅਤੇ ਇਹ ਪ੍ਰਤੱਖ ਹੈ ਕਿ ਆਪਣੇ ਸਪੁਤ੍ਰਾਂ ਦੀ ਗੁਰੂ ਅੰਗਦ ਜੀ ਨਾਲ ਈਰਖਾ ਤੋਂ ਬਚਣ ਲਈ ਗੁਰੂ ਅੰਗਦ ਜੀ ਨੂੰ ਖਡੂਰ ਜਾ ਵੱਸਣ ਲਈ ਕਿਹਾ ਸੀ। ਇਹੋ ਜੇਹੇ ਹਾਲਾਤ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਵੇਲੇ ਵੀ ਵਾਪਰ ਰਹੇ ਸਨ। ਸੋ ਇਹ ਬਹੁਤ ਕਰਕੇ ਸੰਭਵ ਹੈ ਕਿ ਨਵਾਂ ਨਗਰ ਵਸਾਉਣ ਦਾ ਵਿਚਾਰ ਗੁਰੂ ਅਮਰਦਾਸ ਜੀ ਦੇ ਸਮੇਂ ਹੀ ਕੀਤਾ ਗਿਆ ਜਿਵੇਂ ਕਿ ਪਿਛਲੇ ਕਾਂਡ ਵਿੱਚ ਦੱਸ ਆਏ ਹਾਂ।

ਗੁਰੂ ਰਾਮਦਾਸ ਜੀ ਗੋਇੰਦਵਾਲ ਤੋਂ ਆਪਣੇ ਨਵੇਂ ਵਸਾਏ ਨਗਰ ਵਿੱਚ ਚਲੇ ਗਏ। ਬਹੁਤ ਸਾਰੇ ਸਿੱਖ ਗੁਰੂ ਜੀ ਦੇ ਪਿਛੇ ਪਿਛੇ ਆਕੇ ਉਥੇ ਵਸ ਗਏ। ਤਦ ਇਸਦਾ ਨਾਮ ਰਾਮਦਾਸਪੁਰ ਸੀ ਜੋ ਹੁਣ ਅੰਮ੍ਰਿਤਸਰ ਹੈ।

ਲਾਹੌਰ ਜ਼ਿਲੇ ਵਿੱਚ ਪੱਟੀ ਦੇ ਇੱਕ ਪਟਵਾਰੀ ਦੀਆਂ ਪੰਜ ਧੀਆਂ ਸਨ। ਸਭ ਤੋਂ ਛੋਟੀ ਪੰਜਵੀਂ ਧੀ ਬੜੇ ਧਾਰਮਕ ਸੁਭਾਅ ਦੀ ਸੀ। ਇੱਕ ਦਿਨ ਪਿਤਾ ਨੇ ਪੰਜਾਂ ਬੇਟੀਆਂ ਨੂੰ ਪੁਛਿਆ ਕਿ ਤੁਹਾਨੂੰ ਖਾਣ ਪੀਣ ਨੂੰ ਕੌਣ ਦਿੰਦਾ ਹੈ। ਵੱਡੀਆਂ ਚਾਰ ਧੀਆਂ ਨੇ ਕਿਹਾ ਕਿ ਤੁਸੀਂ ਸਾਡੇ ਮਾਪੇ ਸਾਨੂੰ ਖਾਣ ਨੂੰ ਅਤੇ ਜੀਵਨ ਦੀਆਂ ਹੋਰ ਲੋੜਾਂ ਦਿੰਦੇ ਹੋ। ਪਰ ਛੋਟੀ ਪੰਜਵੀਂ ਧੀ ਨੇ ਕਿਹਾ ਕਿ ਪ੍ਰਮਾਤਮਾ ਹੀ ਸਭ ਨੂੰ ਰਿਜਕ ਦੇਣ ਵਾਲਾ ਹੈ। ਇਹ ਸੁਣਕੇ ਪਿਤਾ ਨੂੰ ਬੜਾ ਗੁੱਸਾ ਆਇਆ ਅਤੇ ਕਹਿਣ ਲੱਗਾ, "ਮੈਂ ਵੇਖਾਂਗਾ ਕਿ ਰੱਬ ਤੇਰੀ ਕਿਵੇਂ ਰਖਿਆ ਕਰਦਾ ਹੈ।"

ਇੱਕ ਦਿਨ ਇੱਕ ਵਿਕਲਾਂਗ ਕੋਹੜੀ ਉਸ ਨਗਰ ਵਿੱਚ ਆਇਆ ਅਤੇ ਪਿਤਾ ਨੇ ਉਸ ਛੋਟੀ ਧੀ ਨੂੰ ਸਬਕ ਸਿਖਾਉਣ ਲਈ ਉਸਦਾ ਇਸ ਕੋਹੜੀ ਨਾਲ ਵਿਆਹ ਕਰ ਦਿਤਾ। ਉਸ ਧੀ ਨੇ ਖੁਸ਼ੀ ਨਾਲ ਉਸ ਕੋਹੜੀ ਨੂੰ ਆਪਣਾ ਪਤੀ ਸਵੀਕਾਰ ਕਰ ਲਿਆ। ਉਸਨੇ ਪਤੀ ਨੂੰ ਇੱਕ ਟੋਕਰੇ ਵਿੱਚ ਬਿਠਾਕੇ ਆਪਣੇ ਸਿਰ ਤੇ ਚੁਕ ਲਿਆ ਅਤੇ ਘਰ ਘਰ ਆਪਣੀ ਜੀਵਿਕਾ ਵਾਸਤੇ ਮੰਗਣ ਲੱਗੀ। ਇੱਕ ਦਿਨ ਉਹ ਆਪਣੇ ਪਤੀ ਨੂੰ ਇੱਕ ਛੱਪੜੀ ਕੰਢੇ ਇੱਕ ਬਿਰਛ ਹੇਠ ਛੱਡਕੇ ਆਪ ਨੇੜੇ ਦੇ ਨਗਰ ਵਿੱਚ ਭੋਜਨ ਮੰਗਣ ਗਈ। ਕੋਹੜੀ ਨੇ ਵੇਖਿਆ ਕਿ ਕੁਝ ਕਾਂ ਛਪੜੀ ਵਿੱਚ ਨਹਾਕੇ ਜਦ ਪਾਣੀ ਤੋਂ ਬਾਹਰ ਨਿਕਲੇ ਤਾਂ ਚਿੱਟੇ ਹੋਏ ਹੋਏ ਸਨ। ਕੋਹੜੇ ਨੇ ਸੋਚਿਆ ਕਿ ਇਸ ਪਾਣੀ ਵਿੱਚ ਅਰੋਗ ਕਰ ਦੇਣ ਦੀ ਕਰਾਮਾਤੀ ਸ਼ਕਤੀ ਹੈ। ਸੋ ਉਹ ਆਪਣੀ ਟੋਕਰੀ ਵਿਚੋਂ ਰੀਂਘ ਕੇ ਪਾਣੀ ਵਿੱਚ ਜਾ ਵੜਿਆ ਅਤੇ ਰੱਬ ਦੇ ਰੰਗ ਵੇਖੋ, ਉਸਦਾ ਕੋਹੜ ਦੂਰ ਹੋ ਗਿਆ ਸਿਵਾ ਇੱਕ ਉਂਗਲੀ ਤੋਂ ਜੋ ਪਾਣੀ ਤੋਂ ਬਾਹਰ ਰਹਿ ਗਈ ਸੀ। ਜਦ ਉਹ ਬੀਬੀ ਵਾਪਸ ਆਈ ਉਸਨੇ ਰਾਜ਼ੀ ਹੋ ਗਏ ਕੋਹੜੀ ਦੇ ਦੱਸਣ ਤੇ ਇਤਬਾਰ ਨ ਕੀਤਾ। ਅਖੀਰ ਉਹ ਗੁਰੂ ਰਾਮਦਾਸ ਜੀ ਕੋਲ ਗਏ ਅਤੇ ਉਨ੍ਹਾਂ ਨੇ ਬੀਬੀ ਨੂੰ ਭਰੋਸਾ ਦਿਵਾਇਆ ਕਿ ਇਸ ਪਾਣੀ ਵਿੱਚ, ਜਿਵੇਂ ਉਸਦੇ ਪਤੀ ਨੇ ਦੱਸਿਆ ਹੈ, ਰੋਗ ਦੂਰ ਕਰ ਦੇਣ ਦਾ ਅਲੌਕਿਕ ਗੁਣ ਹੈ। ਇਸ ਤੇ ਉਹ ਜੋੜੀ ਗੁਰੂ ਜੀ ਦੀ ਸਿੱਖ ਬਣੀ ਅਤੇ ਪਿਛੋਂ ਸਰੋਵਰ ਦੀ ਖੁਦਾਈ ਦੀ ਸੇਵਾ ਵਿੱਚ ਹਿਸਾ ਲਿਆ।

ਜਿਸ ਬਿਰਛ ਹੇਠਾਂ ਉਹ ਬੀਬੀ ਕੋਹੜੀ ਪਤੀ ਨੂੰ ਛੱਡਕੇ ਗਈ ਸੀ ਉਹ ਅਜੇ ਵੀ ਕਾਇਮ ਹੈ ਅਤੇ "ਦੁਖ ਭੰਜਨੀ ਬੇਰੀ" ਸਦਾਉਂਦਾ ਹੈ। ਉਹ ਛਪੜੀ ਸਰੋਵਰ ਦਾ ਰੂਪ ਬਣਕੇ ਅੰਮ੍ਰਿਸਰ ਕਹਾਈ ਅਤੇ ਉਸ ਥਾਂ ਉਸਰੇ ਨਗਰ ਨੂੰ ਵੀ ਅੰਮ੍ਰਿਤਸਰ ਨਾਮ ਦਿਤਾ ਗਿਆ। ਸਰੋਵਰ ਅਤੇ ਨਗਰ ਦਾ ਕੰਮ ਗੁਰੂ ਰਾਮਦਾਸ ਜੀ ਦੇ ਸਮੇਂ ਪੂਰਾ ਨਹੀਂ ਹੋ ਸਕਿਆ ਸੀ ਅਤੇ ਪੰਜਵੇਂ ਗੁਰੂ ਗੁਰੂ ਅਰਜਨ ਦੇਵ ਜੀ, ਨੇ ਪੂਰਾ ਕੀਤਾ ਸੀ।

## ਗੁਰੂ ਰਾਮਦਾਸ ਜੀ ਅਤੇ ਸਿਰੀਚੰਦ :

ਗੁਰੂ ਨਾਨਕ ਦੇਵ ਜੀ ਦੇ ਸਭ ਤੋਂ ਵੱਡੇ ਸਪੁਤ੍ਰ ਬਾਬਾ ਸਿਰੀਚੰਦ ਨੇ ਆਪਣੀ ਹੀ ਸੰਪਰਦਾ ਚਲਾਈ ਹੋਈ ਸੀ ਜਿਸਨੂੰ ਉਦਾਸੀ ਸੱਦਦੇ ਸਨ। ਉਹ ਅੰਮ੍ਰਿਤਸਰ ਆਉਣ ਤੇ ਗੁਰੂ ਰਾਮਦਾਸ ਜੀ ਦੇ ਦਰਸ਼ਨ ਕਰਨ ਲਈ ਹਾਜ਼ਰ ਹੋਏ। ਗੁਰੂ ਜੀ ਦੀ ਲੰਮੀ ਦਾਹੜੀ ਵੇਖਕੇ ਬਾਬਾ ਜੀ ਹਾਸੇ ਵਿੱਚ ਪੁਛਣ ਲੱਗੇ, ‘‘ਆਪ ਜੀ ਨੇ ਇਤਨੀ ਲੰਮੀ ਦਾਹੜੀ ਕਿਸ ਕਰਕੇ ਰੱਖੀ ਹੋਈ ਹੈ?” ਗੁਰੂ ਜੀ ਨੇ ਉਤ੍ਰ ਦਿੱਤਾ, ‘‘ਆਪ ਜੀ ਜੇਹੇ ਸੰਤਾਂ ਦੇ ਪਵਿਤਰ ਚਰਨਾਂ ਤੋਂ ਧੂੜ ਸਾਫ ਕਰਨ ਲਈ।” ਸਿਰੀ ਚੰਦ ਜੀ ਨੇ ਇਸਦੇ ਉਤ੍ਰ ਵਿੱਚ ਕਿਹਾ, ‘‘ਇਹ ਆਪ ਜੀ ਦੀ ਮਿਠਾਸ ਭਰੀ ਨਿਮਰਤਾ ਦਾ ਜਾਦੂ ਹੀ ਹੈ ਜਿਸਨੇ ਆਪ ਨੂੰ ਐਨਾ ਮਹਾਨ ਬਣਾ ਦਿਤਾ ਹੈ ਅਤੇ ਮੈਨੂੰ ਐਨਾ ਛੋਟਾ ਹੋਣਾ ਮਹਿਸੂਸ ਕਰਾਉਂਦੀ ਹੈ।”

ਬਾਬਾ ਸਿਰੀਚੰਦ ਜੀ ਨੇ ਗੁਰੂ ਜੀ ਨੂੰ ਸਹਿਯੋਗ ਦੇਣ ਦਾ ਪ੍ਰਣ ਕੀਤਾ। ਉਸ ਪਿਛੋਂ ਉਦਾਸੀਆਂ ਨੇ ਸਿੱਖ ਧਰਮ ਦੀ ਸੇਵਾ ਕਰਨ ਵਿੱਚ ਕੋਈ ਕਸਰ ਨ ਰਹਿਣ ਦਿਤੀ। ਕਿਹਾ ਜਾਂਦਾ ਹੈ ਕਿ ਬੰਦਾ ਬਹਾਦਰ ਦੇ ਦੇਹਾਂਤ ਪਿਛੋਂ, ਜਦ ਮੁਗਲ ਸ਼ਾਸਕਾਂ ਨੇ ਸਿੱਖ ਧਰਮ ਨੂੰ ਨਸ਼ਟ ਕਰ ਦੇਣ ਦਾ ਫੈਸਲਾ ਕੀਤਾ ਤਾਂ ਇਹ ਉਦਾਸੀ ਹੀ ਸਨ ਜਿਹਨਾਂ ਨੇ ਸਿੱਖ ਧਰਮ ਦੀ ਰੱਬੀ ਜੋਤ ਜਗਦੀ ਰੱਖੀ ਸੀ।

## ਗੁਰੂ ਕਾ ਲੰਗਰ :

ਪਹਿਲੇ ਤਿੰਨ ਗੁਰੂ ਸਾਹਿਬਾਨ ਵਾਂਗ ਗੁਰੂ ਰਾਮਦਾਸ ਜੀ ਨੇ ਲੰਗਰ ਦਾ ਕਾਰਜ ਜਾਰੀ ਰੱਖਿਆ ਅਤੇ ਹੋਰ ਵਧੇਰੇ ਵਿਸਤਰਿਤ ਅਤੇ ਵਿਧੀ-ਬੱਧ ਕੀਤਾ। ਪਹਿਲਾਂ ਵਾਂਗ ਲੰਗਰ ਵਿੱਚ ਪੰਗਤ ਦੀ ਪ੍ਰਥਾ ਦਾ ਪਾਲਣ ਪੱਕਾ ਰੱਖਿਆ। ਹਰ ਕੋਈ ਬਿਨਾਂ ਨਸਲ, ਜਾਤ, ਮਤ, ਧਰਮ ਜਾਂ ਲਿੰਗ ਦੇ ਭੇਦ-ਭਾਵ ਤੋਂ, ਬਿਨਾਂ ਕਿਸੇ ਝਿਜਕ, ਲੰਗਰ ਵਿੱਚ ਬੈਠਕੇ ਭੋਜਨ ਖਾ ਸਕਦਾ ਸੀ। ਜਾਤ-ਪਾਤ ਅਤੇ ਤੀਰਥ ਯਾਤ੍ਰੀਆਂ ਦੀ ਨਿਖੇਧੀ ਕੀਤੀ ਗਈ ਅਤੇ ਵਹਿਮਾਂ ਭਰਮਾਂ ਤੋਂ ਰੋਕਿਆ ਗਿਆ।

## ਨਵੀਆਂ ਰੀਤਾਂ :

ਗੁਰੂ ਰਾਮਦਾਸ ਜੀ ਨੇ ‘‘ਲਾਵਾਂ” ਨਾਮੀ ਬਾਣੀ ਦਾ ਉਚਾਰਨ ਕੀਤਾ, ਜੋ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੂਹੀ ਮਹਲਾ ੪, ਪੰਨਾ ੭੭੩ ਤੇ ਅੰਕਿਤ ਹੈ, ਅਤੇ ਸਿਖਾਂ ਨੂੰ ਵਿਆਹ ਇਸੇ ਰੀਤੀ ਅਨੁਸਾਰ ਨਿਭਾਉਣ ਲਈ ਉਪਦੇਸ਼ ਦਿਤਾ। ਲਾਵਾਂ ਦੇ ਸ਼ਬਦ ਵਿੱਚ ਹੀ ਵਿਆਹਤ ਜੋੜੀ ਲਈ ਸਿਖਿਆ ਦਿਤੀ ਹੈ ਕਿ ਇੱਕ ਦੂਜੇ ਲਈ ਸੱਚਾ ਪਿਆਰ ਵਧਾਉਣ। ਅਸਲ ਵਿੱਚ ਇਹ ਸ਼ਬਦ ਮਨੁਖਾਂ ਲਈ ਅਕਾਲ ਪੁਰਖ ਰੂਪੀ ਲਾੜ੍ਹੇ ਵਾਸਤੇ ਪ੍ਰੇਮ ਵਧਾਉਣਾ ਦੱਸਦਾ ਹੈ।

ਗੁਰੂ ਜੀ ਨੇ ਸਿਖਾਂ ਨੂੰ ਆਪਣੇ ਧਰਮ ਅਨੁਸਾਰ ਜੀਵਨ ਬਤੀਤ ਕਰਨ ਲਈ ਹੇਠ ਲਿਖੇ ਸ਼ਬਦ ਰਾਹੀ ਉਪਦੇਸ਼ ਦਿਤਾ :

‘‘ਗੁਰ ਸਤਿਗੁਰ ਕਾ ਜੋ ਸਿੱਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ।

ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ। ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮੁ ਧਿਆਵੈ।

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖ ਗੁਰੂ ਮਨਿ ਭਾਵੈ। ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ।

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।”

(ਗਉੜੀ ਕੀ ਵਾਰ, ਮਹੱਲਾ ੪, ਪੰਨਾ ੩੦੫-੬)

## ਗੁਰਗੱਦੀ ਲਈ ਚੋਣ :

ਗੁਰੂ ਜੀ ਦੇ ਭਾਈ ਲਾਹੌਰ ਵਾਲੇ ਸਹਾਰੀ ਮੱਲ, ਨੇ ਆਪਣੇ ਪੁਤ੍ਰ ਦੇ ਵਿਆਹ ਤੇ ਗੁਰੂ ਜੀ ਨੂੰ ਦਰਸ਼ਨ ਦੇਣ ਲਈ ਸੱਦਾ ਭੇਜਿਆ। ਕਿਸੇ ਸਬਬ ਗੁਰੂ ਜੀ ਤਾਂ ਨ ਜਾ ਸਕੇ ਪਰ ਆਪਣੇ ਵੱਡੇ ਸਪੁਤ੍ਰ ਪ੍ਰਿਥੀ ਚੰਦ ਨੂੰ

ਜਾਣ ਵਾਸਤੇ ਕਿਹਾ। ਪ੍ਰਿਥੀ ਚੰਦ ਨੇ ਨਾਂਹ ਕਰ ਦਿਤੀ। ਉਸਦੇ ਨਾਂਹ ਕਰਨ ਪਿਛੇ ਦੋ ਮੰਤਵ ਸੰਭਵ ਤੌਰ ਤੇ ਕਹੇ ਜਾਂਦੇ ਹਨ। ਇੱਕ ਤਾਂ ਉਹ ਗੁਰੂ ਜੀ ਜੋਗ ਜੋ ਭੇਟਾਵਾਂ ਆਉਂਦੀਆਂ ਸਨ ਉਨ੍ਹਾਂ ਦੀ ਨਿਗਰਾਨੀ ਕਰਦਾ ਸੀ, ਜਿਨ੍ਹਾਂ ਵਿਚੋਂ ਲੁਕਾ ਛੁਪਾ ਕੇ ਕੁਝ ਧਨ ਆਪਣੇ ਲਈ ਇੱਕ ਪਾਸੇ ਰਖ ਲੈਂਦਾ ਸੀ। ਜੇ ਉਹ ਲਾਹੌਰ ਚਲਾ ਜਾਂਦਾ ਤਾਂ ਇਹ ਗਲਤ ਢੰਗ ਦਾ ਲਾਭ ਕਿਸੇ ਹੋਰ ਦੇ ਹੱਥਾਂ ਵਿੱਚ ਜਾ ਸਕਦਾ ਸੀ। ਦੂਜਾ, ਉਸਨੇ ਸੋਚਿਆ ਕਿ ਸਮਾਂ ਛੇਤੀ ਆ ਰਿਹਾ ਹੈ ਜਦ ਪਿਤਾ ਜੀ ਪਿਛੋਂ ਗੁਰਗੱਦੀ ਤੇ ਬੈਠਣ ਲਈ ਕਿਸੇ ਨੂੰ ਚੁਣਿਆ ਜਾਵੇਗਾ। ਸੋ ਉਸਨੂੰ ਅੰਮ੍ਰਿਤਸਰ ਹੀ ਰਹਿਣਾ ਚਾਹੀਦਾ ਹੈ। ਗੁਰੂ ਜੀ ਦਾ ਦੂਜਾ ਸਪੁਤ੍ਰ, ਮਹਾਂਦੇਵ ਵੀ ਨਹੀਂ ਜਾਣਾ ਚਾਹੁੰਦਾ ਸੀ ਕਿਉਂਕਿ ਉਹ ਦੁਨੀਆਦਾਰੀ ਦੇ ਕੰਮਾਂ ਤੋਂ ਵਿਰਕਤ ਸੀ। ਤੀਜੇ ਸਪੁਤ੍ਰ, ਅਰਜਨ ਦੇਵ, ਵਿਆਹ ਤੇ ਜਾਣਾ ਮੰਨ ਗਏ। ਗੁਰੂ ਜੀ ਨੇ ਉਸਨੂੰ ਆਦੇਸ਼ ਦਿਤਾ ਕਿ ਵਿਆਹ ਪਿਛੋਂ ਉਹ ਲਾਹੌਰ ਹੀ ਠਹਿਰੇ, ਉਥੋਂ ਦੀ ਸਿੱਖ ਸੰਗਤ ਦੀ ਦੇਖ ਭਾਲ ਕਰਨ ਵਾਸਤੇ।

ਕੁਝ ਸਮੇਂ ਪਿਛੋਂ ਅਰਜਨ ਦੇਵ ਜੀ ਨੂੰ ਆਪਣੇ ਪਿਤਾ ਅਤੇ ਗੁਰੂ ਜੀ ਤੋਂ ਵਿਛੋੜਾ ਸਹਿ ਨ ਸਕਣ ਦਾ ਦੁਖ ਭਾਸਣ ਲੱਗਾ। ਉਨ੍ਹਾਂ ਨੇ ਗੁਰੂ ਜੀ ਨੂੰ ਤਿੰਨ ਚਿਠੀਆਂ ਲਿਖੀਆਂ, ਜਿਨ੍ਹਾਂ ਵਿਚੋਂ ਦੋ ਵਡੇ ਭਰਾ ਪ੍ਰਿਥੀ ਚੰਦ ਨੇ ਲੈ ਰੱਖੀਆਂ। ਤੀਜਾ ਅੰਕ ਲੱਗੀ ਹੋਈ ਚਿਠੀ ਗੁਰੂ ਜੀ ਨੂੰ ਪੁੱਜੀ ਤਾਂ ਅਰਜਨ ਦੇਵ ਜੀ ਨੂੰ ਤੁਰੰਤ ਲਾਹੌਰ ਤੋਂ ਵਾਪਸ ਬੁਲਾ ਲਿਆ। ਆਕੇ ਅਰਜਨ ਦੇਵ ਜੀ ਨੇ ਪਿਤਾ ਜੀ ਨੂੰ ਦੱਸਿਆ ਕਿ ਉਨ੍ਹਾਂ ਤਿੰਨ ਚਿਠੀਆਂ ਲਿਖ ਭੇਜੀਆਂ ਸਨ। ਸੱਚ ਸਾਮ੍ਹਣੇ ਆਇਆ ਤਾਂ ਪ੍ਰਿਥੀਚੰਦ ਨੂੰ ਮਜਬੂਰਨ ਦੋਵੇਂ ਚਿਠੀਆਂ ਗੁਰੂ ਜੀ ਕੋਲ ਦੇਣੀਆਂ ਪਈਆਂ ਅਤੇ ਪ੍ਰਿਥੀ ਚੰਦ ਦੀਆਂ ਕਰਤੂਤਾਂ ਦਾ ਭਾਂਡਾ ਫੁੱਟ ਗਿਆ।

ਗੁਰੂ ਰਾਮਦਾਸ ਜੀ ਨੇ ਅਰਜਨ ਦੇਵ ਜੀ ਨੂੰ ਗਲ ਲਾਇਆ ਅਤੇ ਨਰੇਲ ਅਤੇ ਪੰਜ ਪੈਸੇ ਮੰਗਵਾਕੇ ਉਨ੍ਹਾਂ ਅਗੇ ਰੱਖ ਦਿਤੇ। ਗੁਰੂ ਦੀ ਆਪ ਗੱਦੀ ਤੋਂ ਉਤਰਕੇ ਅਰਜਨ ਦੇਵ ਜੀ ਨੂੰ ਉਸ ਤੇ ਬਿਠਾਇਆ ਅਤੇ ਸਾਮ੍ਹਣੇ ਬੈਠੀ ਸਾਰੀ ਸੰਗਤ ਵਿਚੋਂ ਬਾਬਾ ਬੁੱਢਾ ਜੀ ਨੇ ਤਿਲਕ ਕੀਤਾ।

ਬੁੱਢਾ ਜੀ ਨੇ ਉਠ ਕੇ ਅਰਜਨ ਦੇਵ ਜੀ ਦੇ ਮੱਥੇ ਤੇ ਰੂਹਾਨੀਅਤ ਦੀ ਪਾਤਸ਼ਾਹੀ ਦਾ ਤਿਲਕ ਲਾਇਆ ਅਤੇ ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਗੱਦੀ ਤੇ ਸਥਾਪਤ ਹੋਏ। ਇਹ ਅਗਸਤ ੧੫੮੧ ਵਿੱਚ ਵਾਪਰਿਆ।

ਪ੍ਰਿਥੀਚੰਦ ਐਨਾ ਸ਼ੁਦਾਈ ਹੋ ਗਿਆ ਉਸ ਨੇ ਆਪਣੇ ਪਿਤਾ ਗੁਰੂ ਜੀਨੂੰ ਬੁਰਾ ਭਲਾ ਕਹਿ ਦਿਤਾ। ਨਾਲ ਹੀ ਉਸ ਨੇ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਉਸ ਦੇ ਪਿਤਾ ਦਾ ਉਸ ਦੇ ਛੋਟੇ ਭਰਾ ਨੂੰ ਗੁਰਗੱਦੀ ਦੇਣ ਦਾ ਕੰਮ ਠੀਕ ਨਹੀਂ। ਉਸਨੇ ਸਹੁੰ ਖਾ ਲਈ ਕਿ ਉਹ ਗੁਰੂ ਅਰਜਨ ਜੀ ਨੂੰ ਗੱਦੀਓਂ ਲਾਹ ਦੇਵੇਗਾ ਅਤੇ ਆਪ ਗੱਦੀ ਤੇ ਬੈਠੇਗਾ। ਗੁਰੂ ਰਾਮਦਾਸ ਜੀ ਨੇ ਪ੍ਰਿਥੀਚੰਦ ਨੂੰ ਸਮਝਾਇਆ ਕਿ ਪੁਤਰ, ਆਪਣੇ ਪਿਤਾ ਨਾਲ ਝਗੜਾ ਕਰਨਾ ਚੰਗਾ ਕੰਮ ਨਹੀਂ, ਪਰ ਉਹ ਨ ਮੰਨਿਆ ਅਤੇ ਖੁੱਲ੍ਹੇ ਮੂੰਹ ਵਿਰੋਧ ਵਾਲਾ ਵਤੀਰਾ ਅਪਨਾ ਲਿਆ।

ਗੁਰੂ ਅਰਜਨ ਦੇਵ ਜੀ ਨੂੰ ਗੁਰਗਦੀ ਸੌਂਪਦੇ ਗੁਰੂ ਰਾਮਦਾਸ ਜੀ ਆਪਣੇ ਮੁਖ ਟਿਕਾਣੇ ਗੋਇੰਦਵਾਲ ਚਲੇ ਗਏ। ਥੋੜਾ ਕੁ ਦਿਨਾਂ ਪਿਛੋਂ ਪਹਿਲੀ ਸਤੰਬਰ ੧੫੮੧ ਵਿੱਚ ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾ ਗਏ।